**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ,**

**ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ**

# <u>ਜਨਤਕ ਨੋਟਿਸ</u>

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵਲੋਂ ਇਸ਼ਤਿਹਾਰ ਨੰ. 04 ਆਫ 2023 ਅਧੀਨ ਸਹਾਇਕ ਲਾਇਬ੍ਰੇਰੀਅਨ(ਪੁਰਾਲੇਖ ਵਿਭਾਗ), ਸਹਾਇਕ ਲਾਇਬ੍ਰੇਰੀਅਨ(ਭਾਸ਼ਾ ਵਿਭਾਗ), ਲਾਇਬ੍ਰੇਰੀਅਨ(ਸੱਭਿਆਚਾਰਕ ਮਾਮਲੇ ਵਿਭਾਗ), ਅਤੇ ਇਸ਼ਤਿਹਾਰ ਨੰ. 12 ਆਫ 2024 ਅਧੀਨ ਲਾਇਬ੍ਰੇਰੀਅਨ(ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ) ਦੀਆਂ ਅਸਾਮੀਆਂ ਦੀ ਸਾਂਝੀ ਲਿਖਤੀ ਪ੍ਰੀਖਿਆ ਲਈ ਜਾਣੀ ਹੈ।

2. ਸਮੂਹ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਉਮੀਦਵਾਰ ਵੱਲੋਂ ਉਕਤ ਦਰਸਾਈਆਂ ਅਸਾਮੀਆਂ ਵਿੱਚੋ ਕਿਸੇ ਇੱਕ ਅਸਾਮੀ ਲਈ ਅਪਲਾਈ ਕੀਤਾ ਹੈ ਤਾਂ ਉਮੀਦਵਾਰ ਵੱਲੋਂ ਸਾਂਝੀ ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਕੀਤੇ ਅੰਕਾਂ ਨੂੰ ਉਸ ਅਸਾਮੀ ਲਈ ਹੀ ਵਿਚਾਰਿਆ ਜਾਵੇਗਾ, ਜਿਸ ਲਈ ਉਸ ਵਲੋਂ ਅਪਲਾਈ ਕੀਤਾ ਗਿਆ ਹੈ ਅਤੇ ਦੂਜੀ ਅਸਾਮੀ ਤੇ ਉਮੀਦਵਾਰ ਦਾ ਕੋਈ ਕਲੇਮ ਨਹੀਂ ਹੋਵੇਗਾ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਉਮੀਦਵਾਰ ਵੱਲੋਂ ਇੱਕ ਤੋਂ ਜਿਆਦਾ ਅਸਾਮੀਆਂ ਲਈ ਅਪਲਾਈ ਕੀਤਾ ਗਿਆ ਹੈ ਤਾਂ ਉਸ ਉਮੀਦਵਾਰ ਵਲੋਂ ਪ੍ਰਾਪਤ ਅੰਕਾਂ ਦੇ ਆਧਾਰ ਤੇ ਉਸ ਵਲੋਂ ਅਪਲਾਈ ਕੀਤੀਆਂ ਗਈਆਂ ਸਾਰੀਆਂ ਅਸਾਮੀਆਂ ਲਈ ਵਿਚਾਰਿਆ ਜਾਵੇਗਾ।

3. ਉਮੀਦਵਾਰਾਂ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਭਰਤੀਆਂ ਸਬੰਧੀ ਤਾਜ਼ਾ ਜਾਣਕਾਰੀ ਲਈ ਸਮੇਂ ਸਮੇਂ ਤੇ ਬੋਰਡ ਦੀ ਵੈਬਸਾਈਟ ਚੈੱਕ ਕਰਦੇ ਰਹਿਣ।

ਸਹੀ/-

ਸਹਾਇਕ ਡਾਇਰੈਕਟਰ,

ਮਿਤੀ 16.08.2024 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ